# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ**

ਨੰ.29147../ਸੀ.ਓ.ਈ.

ਮਿਤੀ.07/04/2025

## NEP-2020 ਅਧੀਨ ਆਉਂਦੇ ਕੋਰਸਾਂ ਅਤੇ NEP-2020 ਦੀ ਤਰਜ਼ ਤੇ ਨਵੇਂ ਸ਼ੁਰੂ ਕੀਤੇ/ਸੋਧੇ ਹੋਏ ਕੋਰਸਾਂ ਦੀਆਂ ਪ੍ਰੀਖਿਆਵਾਂ ਲਈ ਜਰੂਰੀ ਹਦਾਇਤਾਂ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪ੍ਰੀਖਿਆ ਸ਼ਾਖਾ ਹਮੇਸ਼ਾਂ ਤੋ ਹੀ ਪ੍ਰੀਖਿਆ ਨਾਲ ਸਬੰਧਿਤ ਕੰਮ-ਕਾਜ਼ ਨੂੰ ਆਪ ਜੀ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਨ ਅਤੇ ਕਾਮਯਾਬੀ ਨਾਲ ਕੰਮ ਪੂਰਾ ਕਰਨ ਲਈ ਯਤਨਸ਼ੀਲ ਰਹੀ ਹੈ। ਯੂਨੀਵਰਸਿਟੀ ਵੱਲੋਂ ਸੈਸ਼ਨ 2024-25 ਤੋਂ ਕੁਝ ਕੋਰਸਾਂ ਵਿੱਚ NEP-2020 ਸਕੀਮ ਲਾਗੂ ਕਰ ਦਿੱਤੀ ਗਈ ਹੈ। ਮਈ, 2025 ਤੋਂ ਹੋਣ ਵਾਲੀਆਂ ਪ੍ਰੀਖਿਆਵਾਂ ਦੇ ਵਿੱਚ ਆਪ ਜੀ ਦਾ ਪੂਰਨ ਸਹਿਯੋਗ ਲੋੜੀਂਦਾ ਹੈ। ਮਈ, 2025 ਦੀਆਂ ਪ੍ਰੀਖਿਆਵਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਹੇਠ ਲਿਖੀਆਂ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ ਆਪ ਜੀ ਦੀ ਜਾਣਕਾਰੀ ਹਿੱਤ ਸਾਂਝੇ ਕੀਤੇ ਜਾ ਰਹੇਂ ਹਨ। ਉਮੀਦ ਹੈ ਕਿ ਹਮੇਸ਼ਾਂ ਦੀ ਤਰ੍ਹਾਂ ਇਨ੍ਹਾਂ ਹਦਾਇਤਾਂ ਨੂੰ ਆਪਣੇ ਅਧਿਆਪਕਾਂ/ਕਰਮਚਾਰੀਆਂ ਨੂੰ ਜਾਣੂ ਕਰਵਾ ਕੇ ਯੂਨੀਵਰਸਿਟੀ ਪ੍ਰੀਖਿਆਵਾਂ ਦਾ ਕੰਮ ਸਫਲਤਾ-ਪੂਰਵਕ ਪੂਰਾ ਕਰਨ ਵਿੱਚ ਪੂਰਨ ਸਹਿਯੋਗ ਦੇਵੋਗੇ।

### (ੳ) ਮਈ, 2025 ਦੀਆਂ ਪ੍ਰੀਖਿਆਵਾਂ ਕੰਡਕਟ ਕਰਨ ਲਈ ਜਰੂਰੀ ਹਦਾਇਤਾਂ:-

(i) ਮਈ, 2025 ਦੀਆਂ ਪ੍ਰੀਖਿਆਵਾਂ ਲਈ NEP-2020 ਦੇ ਅਧੀਨ ਆਉਂਦੇ ਅਤੇ NEP-2020 ਦੀ ਤਰਜ਼ ਤੇ ਨਵੇਂ ਸ਼ੁਰੂ/ਸੋਧ ਕੀਤੇ ਕੋਰਸਾਂ ਦੀ ਡੇਟਸ਼ੀਟ ਦੋ ਭਾਗਾਂ ਵਿੱਚ ਜਾਰੀ ਕੀਤੀ ਜਾਵੇਗੀ। ਪਹਿਲੀ ਡੇਟਸ਼ੀਟ ਸਮੂਹ ਵਿਭਾਗ/ਕਾਲਜ/ਨੇਬਰਹੁੱਡ ਕੈਂਪਸ/ਕਾਂਸਟੀਚੁਐਂਟ ਕਾਲਜ ਦੁਆਰਾ ਆਪਣੇ ਪੱਧਰ ਤੇ ਕਰਵਾਏ ਜਾਣ ਵਾਲੇ ਵਿਸ਼ਿਆਂ (IDC/MDC/AEC/SEC/VAC) ਦੇ ਥਿਊਰੀ ਪੇਪਰਾਂ ਦੀ ਹੋਵੇਗੀ ਅਤੇ ਦੂਜੀ ਡੇਟਸ਼ੀਟ ਯੂਨੀਵਰਸਿਟੀ ਦੁਆਰਾ ਕਰਵਾਏ ਜਾਣ ਵਾਲੇ ਬਾਕੀ ਕੋਰਸਾਂ ਅਤੇ NEP-2020 ਅਧੀਨ ਆਉਂਦੇ ਤੇ NEP-2020 ਦੀ ਤਰਜ਼ ਤੇ ਨਵੇਂ/ਸੋਧੇ ਹੋਏ ਕੋਰਸਾਂ ਦੇ ਬਾਕੀ ਸਾਰੇ ਵਿਸ਼ਿਆਂ ਦੀ ਹੋਵੇਗੀ।

(ii) ਸਾਰੇ ਕੋਰਸਾ ਵਿੱਚ ਚਾਰ ਕਰੈਡਿਟ ਵਾਲੇ minor ਵਿਸ਼ੇ ਦੇ ਸਾਰੇ ਪੇਪਰ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਡੇਟ-ਸ਼ੀਟ ਅਨੁਸਾਰ ਇੱਕ ਦਿਨ ਹੀ ਹੋਵੇਗਾ।

(iii) ਦੋ/ਤਿੰਨ ਕਰੈਡਿਟ ਵਾਲੇ (IDC/MDC/AEC/SEC/VAC) ਵਿਸ਼ਿਆਂ ਦੀ ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰ ਮੁਖੀ/ਇੰਚਾਰਜ਼/ਕੋਆਰਡੀਨੇਟਰ/ਪ੍ਰਿੰਸੀਪਲ ਸਾਹਿਬਾਨ ਵੱਲੋਂ ਆਪਣੇ ਵਿਭਾਗ/ਕਾਲਜ ਦੇ ਵਿਸ਼ਾ ਮਾਹਿਰਾਂ ਦੁਆਰਾ ਆਪਣੇ ਪੱਧਰ ਤੇ ਸੈੱਟ ਕਰਵਾ ਕੇ ਯੂਨੀਵਰਸਿਟੀ ਵਲੋਂ ਜਾਰੀ ਕੀਤੀ ਡੇਟਸ਼ੀਟ ਅਨੁਸਾਰ ਪ੍ਰੀਖਿਆ ਕੰਡਕਟ ਕਰਵਾਉਣਗੇ। ਇਹ ਪੇਪਰ ਦੋ/ਤਿੰਨ ਕਰੈਡਿਟ ਦੇ ਹੋਣ ਕਰਕੇ 01.30 ਘੰਟੇ ਦਾ ਹੋਵੇਗਾ। ਦੋ/ਤਿੰਨ ਕਰੈਡਿਟ ਵਾਲੇ ਵਿਸ਼ਿਆਂ ਦੀ ਪ੍ਰੀਖਿਆ ਲਈ ਅੱਠ ਪੰਨਿਆਂ ਵਾਲੀਆਂ ਉੱਤਰ-ਕਾਪੀਆਂ ਦੀ ਵਰਤੋਂ ਕੀਤੀ ਜਾਵੇਗੀ। ਇੱਕ ਵਿਸ਼ੇ ਦੀ ਪ੍ਰੀਖਿਆ ਲਈ ਵਿਦਿਆਰਥੀ ਨੂੰ ਵੱਧ ਤੋਂ ਵੱਧ ਦੋ ਉੱਤਰ-ਕਾਪੀਆਂ ਵਿੱਚ ਹੀ ਪ੍ਰਸ਼ਨ ਹਲ ਕਰਨੇ ਹੋਣਗੇ। **ਪੇਪਰ ਹੋਣ ਵਾਲੇ ਦਿਨ ਦੇ ਵਿਦਿਆਰਥੀਆਂ ਦੀ Absent ਮੀਮੋ ਉਸੇ ਦਿਨ ਹੀ ਪੋਰਟਲ ਤੇ ਅਪਲੋਡ ਕੀਤੀ ਜਾਵੇ।**

(iv) ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ NEP-2020 ਦੀ ਤਰਜ਼ ਤੇ ਸ਼ੁਰੂ/ਸੋਧ ਕੀਤੇ ਕੁਝ ਕੋਰਸਾਂ ਵਿੱਚ ਪੰਜਾਬੀ ਦਾ ਪੇਪਰ ਅਤੇ Qualifying ਪੇਪਰ ਜੋ ਕੋਰਸ NEP-2020 ਅਧੀਨ ਨਹੀਂ ਆਉਂਦੇ ਹਨ ਅਤੇ ਹੁਣ VAC ਕੋਰਸਾਂ ਦੇ ਅਧੀਨ ਨੰਬਰ ਨਤੀਜੇ ਵਿੱਚ ਜੁੜਦੇ ਹਨ, ਪ੍ਰੰਤੂ ਇਹ ਕੋਰਸ ਦੋ ਕਰੈਡਿਟ ਦੇ ਹੋਣ ਕਾਰਨ ਸਮੂਹ ਵਿਭਾਗਾਂ/ਕਾਲਜਾਂ/ਨੇਬਰਹੁੱਡ ਕੈਂਪਸ/ਕਾਂਸਟੀਚੁਐਂਟ ਕਾਲਜ ਆਪਣੇ ਆਪਣੇ ਪੱਧਰ ਤੇ ਹੀ ਕਰਵਾਉਣਗੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਉਪਰੋਕਤ ਸਾਰੇ ਪੇਪਰ ਯੂਨੀਵਰਸਿਟੀ ਵੱਲੋਂ ਕਰਵਾਏ ਜਾਣ ਵਾਲੇ ਪੇਪਰਾਂ ਦੇ ਰੈਗੂਲਰ ਸ਼ਡਿਊਲ ਤੋਂ ਪਹਿਲਾਂ ਮਈ, 2025 ਦੇ ਆਖਰੀ ਹਫਤਿਆਂ ਵਿੱਚ ਕਰਵਾ ਲਏ ਜਾਣਗੇ ਇਹਨਾਂ ਪੇਪਰਾਂ ਦੇ ਅਵਾਰਡ ਮੁਲਾਂਕਣ ਕਰਵਾਉਣ ਉਪਰੰਤ ਪੇਪਰ ਹੋਣ ਤੋਂ 20 ਦਿਨਾਂ ਦੇ ਅੰਦਰ-ਅੰਦਰ ਯੂਨਵਰਸਿਟੀ ਪੋਰਟਲ ਤੇ ਚੜ੍ਹਾਉਣ ਨੂੰ ਯਕੀਨੀ ਬਣਾਇਆ ਜਾਵੇ।

Scanned with CamScan

## (ਅ) ਮਈ, 2025 ਦੀਆਂ ਪ੍ਰੀਖਿਆਵਾਂ ਦੇ ਮੁਲਾਂਕਣ ਅਤੇ ਅਵਾਰਡ ਅਪਲੋਡ ਕਰਨ ਸਬੰਧੀ ਹਦਾਇਤਾਂ

(i) ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਵਿਭਾਗਾਂ/ਕਾਲਜਾਂ ਦੇ ਮੁਖੀ/ਇੰਚਾਰਜ/ਕੋਆਰਡੀਨੇਟਰ/ਪ੍ਰਿੰਸੀਪਲਸਾਹਿਬਾਨ ਦੋ/ਤਿੰਨ ਕਰੈਡਿਟ (IDC/MDC/AEC/SEC/VAC) ਵਾਲੇ ਵਿਸ਼ਿਆਂ ਦੀ ਪ੍ਰੀਖਿਆ ਹੋਣ ਉਪਰੰਤ ਇਹਨਾਂ ਉੱਤਰ-ਕਾਪੀਆਂ ਦਾ ਮੁਲਾਂਕਣ ਆਪਣੇ ਪੱਧਰ ਤੇ ਕਰਵਾ ਕੇ ਪ੍ਰੀਖਿਆ ਖਤਮ ਹੋਣ ਤੋਂ 20 ਦਿਨਾਂ ਦੇ ਅੰਦਰ-ਅੰਦਰ ਇਹਨਾਂ ਵਿਸ਼ਿਆਂ ਦੀਆਂ ਅੰਕ-ਸੂਚੀਆਂ ਯੂਨੀਵਰਸਿਟੀ ਪੋਰਟਲ ਤੇ ਅਪਲੋਡ ਕਰਨਗੇ। ਇੱਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਦੋ/ਤਿੰਨ ਕਰੈਡਿਟ ਵਾਲੇ ਵਿਸ਼ਿਆਂ ਲਈ ਰੀ-ਚੈਕਿੰਗ ਅਤੇ ਪੁਨਰ-ਮੁਲਾਂਕਣ ਦੀ ਕੋਈ ਵੀ ਵਿਵਸਥਾ ਨਹੀਂ ਹੋਵੇਗੀ। ਮਾਰਕਿੰਗ ਉਪਰੰਤ ਇਹਨਾਂ ਉੱਤਰ-ਕਾਪੀਆਂ ਨੂੰ ਮੁਖੀ/ਇੰਚਾਰਜ/ਕੋਆਰਡੀਨੇਟਰ/ਪ੍ਰਿੰਸੀਪਲ ਸਾਹਿਬਾਨ ਆਪਣੇ ਵਿਦਿਆਰਥੀਆਂ ਨੂੰ ਇੱਕ ਮਿੱਥੇ ਸ਼ਡਿਊਲ ਅਨੁਸਾਰ ਦਿਖਾਉਣ ਉਪਰੰਤ ਹੀ ਅਵਾਰਡਾਂ ਯੂਨੀਵਰਸਿਟੀ ਪੋਰਟਲ ਤੇ ਅਪਲੋਡ ਕਰਨਗੇ।

(ii) ਵਿਭਾਗ/ਕਾਲਜ ਆਪਣੇ ਪੱਧਰ ਤੇ ਕਰਵਾਈਆਂ ਗਈਆਂ ਪ੍ਰੀਖਿਆਵਾਂ (IDC/MDC/AEC/SEC/VAC) ਦੇ ਵਿਸ਼ਿਆਂ ਦੀ ਥਿਊਰੀ ਪੇਪਰਾਂ ਦੀਆਂ ਉੱਤਰ ਕਾਪੀਆਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਇੱਕ ਸਾਲ ਲਈ ਸੁਰੱਖਿਅਤ ਰੱਖਣਗੇ, ਤਾਂ ਜੋ ਆਰ.ਟੀ.ਆਈ./ਕੋਰਟ ਕੇਸ ਲਈ ਲੋੜ ਪੈਣ ਤੇ ਇਹ ਰਿਕਾਰਡ ਮੁਹੱਈਆ ਕਰਵਾਇਆ ਜਾ ਸਕੇ। ਇਹਨਾਂ ਉੱਤਰ-ਕਾਪੀਆਂ ਅਤੇ ਅਵਾਰਡਾਂ ਲਿਸਟਾਂ ਦੀ ਮੰਗ/ਫਿਜ਼ੀਕਲ ਵੈਰੀਫਿਕੇਸ਼ਨ ਕਿਸੇ ਸਮੇਂ ਵੀ ਯੂਨੀਵਰਸਿਟੀ ਵੱਲੋਂ ਕੀਤੀ ਜਾ ਸਕਦੀ ਹੈ। ਇਨ੍ਹਾਂ ਪ੍ਰੀਖਿਆਵਾਂ ਦੀਆਂ ਉੱਤਰ ਕਾਪੀਆਂ ਨੂੰ ਮੁਲਾਂਕਣ ਕਰਨ ਉਪਰੰਤ ਅਵਾਰਡਾਂ ਨੂੰ ਸਬੰਧਤ ਪੇਪਰ ਹੋਣ ਤੋਂ 20 ਦਿਨ੍ਹਾਂ ਦੇ ਅੰਦਰ-ਅੰਦਰ ਪ੍ਰੀਖਿਆ ਸ਼ਾਖਾ ਦੇ ਪੋਰਟਲ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ।

(iii) ਅਵਾਰਡ ਲਿਸਟਾਂ ਅਪਲੋਡ ਕਰਨ ਉਪਰੰਤ ਉਨ੍ਹਾਂ ਦੀਆਂ ਦੋ ਹਾਰਡ ਕਾਪੀਆਂ ਸਬੰਧਤ ਮੁਖੀ/ਇੰਚਾਰਜ/ਕੋਆਰਡੀਨੇਟਰ/ ਪ੍ਰਿੰਸੀਪਲ ਤੋ ਤਸਦੀਕ ਕਰਵਾਈਆ ਜਾਣ। ਅਵਾਰਡ ਲਿਸਟਾਂ ਦੀ ਇੱਕ ਕਾਪੀ ਉੱਤਰ ਕਾਪੀਆਂ ਦੇ ਪੈਕਟ ਅੰਦਰ ਪਾ ਦਿੱਤੀ ਜਾਵੇ ਅਤੇ ਦੂਜੀ ਕਾਪੀ ਸਕੈਨ ਕਰਨ ਉਪਰੰਤ ਕੰਟਰੋਲਰ (ਪ੍ਰੀਖਿਆਵਾਂ) ਨੂੰ pupawards@pbi.ac.inਉੱਪਰ ਸਬੰਧਤ ਪੇਪਰ ਹੋਣ ਤੋਂ 20 ਦਿਨਾਂ ਦੇ ਅੰਦਰ ਹੀ ਈ.ਮੇਲ ਕਰਨੀ ਯਕੀਨੀ ਬਣਾਈ ਜਾਵੇ। ਇਹ ਦੂਜੀ ਕਾਪੀ ਪੈਕਟ ਦੇ ਨਾਲ ਪ੍ਰੀਖਿਆ ਸ਼ਾਖਾ ਦੇ ਅਵਾਰਡ ਸੈਕਸ਼ਨ (ਸੀਕਰੇਸੀ) ਵਿੱਚ ਜਮ੍ਹਾਂ ਕਰਵਾਈ ਜਾਵੇ।

**ਉਪਰੋਕਤ ਸਾਰੇ ਕੰਮ-ਕਾਜ ਵਿੱਚ ਕਿਸੇ ਤਰ੍ਹਾਂ ਦੀ ਤਰੁੱਟੀ/ਸੋਧ ਅਤੇ ਦੇਰੀ ਲਈ ਯੂਨੀਵਰਸਿਟੀ ਨਿਯਮਾਂ ਅਧੀਨ ਪਹਿਲਾਂ ਤੋਂ ਚਲ ਰਹੇਂ ਜੁਰਮਾਨੇ ਤੇ ਫੀਸਾਂ ਲਾਗੂ ਰਹਿਣਗੇ।**

Sharma
07/04/25

**ਕੰਟਰੋਲਰ (ਪ੍ਰੀਖਿਆਵਾਂ)**

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ

Scanned with CamScan